**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਐਸ.ਏ.ਐਸ ਨਗਰ**
**(ਬਜਟ ਸ਼ਾਖਾ)**

**ਅਤਿ ਜਰੂਰੀ:**
**Through Website:**

ਵੱਲ:

1. ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ:)
2. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ
   (ਸਰਕਾਰੀ ਸੀਨੀਅਰ ਸੈਕੰਡਰੀ/ਹਾਈ ਸਕੂਲ)

ਮੀਮੋ ਨੰ: 09/01-2020 ਬਜਟ(4)/2021 7484-85
ਮਿਤੀ: 06-01-2021

**ਵਿਸ਼ਾ:-** **ਲੇਖਾ ਮੱਦ 2202-02-109 ਅਤੇ 2202-02-001 ਅਧੀਨ ਬਿੱਲ ਖਜਾਨਾ ਦਫਤਰਾਂ ਵਿੱਚ ਪੇਸ਼ ਕਰਨ ਸਬੰਧੀ।**

***********

ਉਪਰੋਕਤ ਵਿਸ਼ਾ ਅੰਕਿਤ ਲੇਖਾ ਮੱਦਾਂ ਅਧੀਨ ਵੱਖ-ਵੱਖ ਐਸ.ਓ.ਈਜ਼ ਅਧੀਨ ਵਿਭਾਗ ਵੱਲੋਂ ਆਪ ਨੂੰ ਵਿੱਤੀ ਸਾਲ ਦੇ ਸ਼ੁਰੂਆਤ ਵਿੱਚ ਬਜਟ ਅਲਾਟਮੈਂਟ ਕੀਤੀ ਗਈ ਸੀ।

2.0 Online Reports ਚੈਕ ਕਰਨ ਉਪਰੰਤ ਪਾਇਆ ਗਿਆ ਕਿ ਕਈ ਸਕੂਲ ਮੁੱਖੀਆਂ ਵੱਲੋਂ SOE-13-ਦਫਤਰੀ ਖਰਚਾ, SOE-91-ਮੈਡੀਕਲ ਅਤੇ SOE-93-ਬਿਜਲੀ ਅਧੀਨ ਅਤੇ ਕਈ ਜਿਲਾ ਸਿੱਖਿਆ ਅਫਸਰਾਂ(ਸੈ:ਸਿ:) ਵੱਲੋਂ SOE-11-ਟ੍ਰੈਵਲਿੰਗ ਅਲਾਊਂਸ, SOE-13-ਦਫਤਰੀ ਖਰਚਾ, SOE-91-ਮੈਡੀਕਲ, SOE-92-ਟੈਲੀਫੋਨ ਅਤੇ SOE-93-ਬਿਜਲੀ ਅਧੀਨ ਬਿੱਲ ਖਜਾਨਾ ਦਫਤਰਾਂ ਵਿੱਚ ਪੇਸ਼ ਨਹੀਂ ਕੀਤੇ ਗਏ ਅਤੇ ਬਜਟ ਆਪਣੇ ਡੀ.ਡੀ.ਓ ਖਾਤਿਆਂ ਵਿੱਚ ਹੀ ਰੱਖਿਆ ਹੋਇਆ ਹੈ।

3.0 ਉਪਰੋਕਤ ਸਥਿਤੀ ਨੂੰ ਵੇਖਦੇ ਹੋਏ ਸਮੂਹ ਜਿਲਾ ਸਿੱਖਿਆ ਅਫਸਰਾਂ ਨੂੰ ਲਿਖਿਆ ਜਾਂਦਾ ਹੈ ਕਿ ਇਹਨਾਂ ਉਪਰੋਕਤ ਦਰਸਾਈਆਂ ਐਸ.ਓ.ਈਜ਼ ਅਧੀਨ ਆਪ ਅਤੇ ਆਪਦੇ ਅਧੀਨ ਸਕੂਲਾਂ ਨੂੰ ਅਲਾਟ ਕੀਤੇ ਗਏ ਬਜਟ ਦੇ ਜੋ ਬਿੱਲ ਪੈਂਡਿੰਗ ਪਏ ਹਨ, ਉਹਨਾਂ ਐਸ.ਓ.ਈਜ਼ ਦੇ ਪੈਂਡਿੰਗ ਬਿੱਲ ਮਿਤੀ 03-01-21 ਤੱਕ ਖਜਾਨਾ ਦਫਤਰਾਂ ਵਿੱਚ ਪੇਸ਼ ਕਰਕੇ ਟੋਕਨ ਲਗਵਾਏ ਜਾਣ। ਜਿਨਾ ਸਕੂਲ ਮੁੱਖੀਆਂ ਨੂੰ ਅਲਾਟ ਕੀਤੇ ਗਏ ਬਜਟ ਦੀ ਜਰੂਰਤ ਨਹੀਂ ਹੈ ਤਾਂ ਉਸ ਬਜਟ ਦੀ ਐਡਜਸਟਮੈਂਟ/ਅਲਾਟਮੈਂਟ ਲੋੜਵੰਦ ਸਕੂਲਾਂ ਨੂੰ ਕਰਕੇ ਬਿੱਲ ਖਜਾਨਾ ਦਫਤਰਾਂ ਵਿੱਚ ਪੇਸ਼ ਕਰਵਾਏ ਜਾਣ।

4.0 ਜੇਕਰ ਉਕਤ ਅਨੁਸਾਰ ਕਾਰਵਾਈ ਨਾ ਕਰਨ ਕਰਕੇ ਵਿੱਤੀ ਸਾਲ ਦੇ ਖਤਮ ਹੋਣ ਤੱਕ ਬਿੱਲ ਪੈਂਡਿੰਗ ਰਹਿ ਜਾਂਦੇ ਹਨ ਅਤੇ ਬਜਟ ਅਣਵਰਤਿਆ ਰਹਿ ਜਾਂਦਾ ਹੈ ਤਾਂ ਸਬੰਧਤ ਸਕੂਲ ਮੁੱਖੀ ਅਤੇ ਸਬੰਧਤ ਜਿਲਾ ਸਿੱਖਿਆ ਅਫਸਰ(ਸੈ:ਸਿ:) ਨੂੰ ਜਿੰਮੇਵਾਰ ਮੰਨਿਆ ਜਾਵੇਗਾ ਅਤੇ ਇਸ-ਬਜਟ ਲੈਪਸ ਲਈ ਅਨੁਸਾਸ਼ਨੀ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ।

ਡਾਇਰੈਕਟਰ
ਸਿੱਖਿਆ ਵਿਭਾਗ ਸੈ:ਸਿ: ਪੰਜਾਬ

Scanned by CamScanner

## ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ

ਪਿੱਠ ਅੰਕਣ ਨੰ: ਸਮ/( ) ਵਸੂਲ/2021 7673 ਮਿਤੀ 07-01-2021

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਡੀ.ਡੀ.ਓਜ਼ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ:)
ਮਾਨਸਾ।